The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
Contact : Raj 021 8740 730, 0800 253 2687
www.redcleaning.co.nz

24 November 2018 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜੀਲੈਂਡ 'ਚ ਮਾਰੀ ਗਈ ਭਾਰਤੀ ਕੁੜੀ ਦੇ ਦੋਵੇਂ ਫੋਨ ਬਰਾਮਦ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੁਲੀਸ ਨੇ ਉਹ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ ਜੋ ਪਿਛਲੇ ਦਿਨੀ ਮਾਰੀ ਗਈ ਭਾਰਤੀ 26 ਸਾਲਾ ਪੰਜ ਮਹੀਨਿਆਂ ਦੀ ਗਰਭਵਤੀ ਕੁੜੀ ਸੋਨਮ ਸ਼ੇਲਾਰ ਦੇ ਹਨ। ਇੱਕ ਫੋਨ ਵਾਟਰਪ੍ਰੂਫ਼ ਹੈ ਅਤੇ ਅਜੇ ਵੀ ਕੰਮ ਕਰ ਰਿਹਾ ਹੈ। ਇਹ ਫੋਨ ਉਸੇ ਬੀਚ ਦੇ ਨੇੜੇ ਹੀ ਮਿਲੇ ਹਨ ਜਿੱਥੇ ਸੋਨਮ ਦੀ ਲਾਸ਼ ਬਰਾਮਦ ਹੋਈ ਸੀ। ਇਹ ਹਾਈ-ਪ੍ਰੋਫ਼ਾਈਲ ਖੋਜ ਦੇ ਬਾਅਦ ਹੀ ਸੰਭਵ ਹੋ ਪਾਇਆ ਹੈ। ਪੁਲਸ 26 ਸਾਲ ਦੀ ਲੜਕੀ ਦੀ ਮੌਤ ਦੇ ਕਾਰਨ ਨੂੰ ਲੱਭਣ ਲਈ ਵੱਡੇ ਪੱਧਰ 'ਤੇ ਖੋਜ ਕਾਰਜ ਵਿੱਚ ਜੁਟੀ ਹੋਈ ਹੈ।

## ਸਿੰਗਾਪੁਰ ਏਅਰਲਾਈਨ ਤੋਂ ਮਾਤ ਖਾ ਗਈ ਇਸ ਸਾਲ ਏਅਰ ਨਿਊਜ਼ੀਲੈਂਡ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) "ਏਅਰਲਾਈਨ ਆਫ ਦਾ ਈਅਰ ਅਵਾਰਡ" ਅਵਾਰਡ ਵਿੱਚ ਪਿਛਲੇ ਪੰਜ ਸਾਲ ਪਹਿਲੇ ਨੰਬਰ ਤੇ ਆਉਣ ਵਾਲੀ ਏਅਰ ਨਿਊਜ਼ੀਲੈਂਡ ਇਸ ਸਾਲ ਸਿੰਗਾਪੁਰ ਏਅਰਲਾਈਨ ਤੋਂ ਮਾਤ ਖਾ ਗਈ ਹੈ। ਯਾਤਰੀਆਂ ਲਈ ਚੰਗੀ ਸਰਵਿਸ ਸਿੰਗਾਪੁਰ ਏਅਰਲਾਈਨ ਦੇ ਅਵਾਰਡ ਜਿੱਤਣ ਦਾ ਕਾਰਨ ਬਣੀ ਹੈ। ਐਡੀਟਰ ਇਨ ਚੀਫ ਜਿਓਫ੍ਰੀ ਥੋਮਸ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਰ੍ਹੇ ਮੁਕਾਬਲਾ ਬਹੁਤ ਨਜ਼ਦੀਕ ਰਿਹਾ ਹੈ। ਏਅਰ ਨਿਊਜ਼ੀਲੈਂਡ, ਕੰਟਾਸ ਏਅਰਲਾਈਨ ਅਤੇ ਕਤਰ ਏਅਰਵੇਅਜ਼ ਦਾ ਮੁਕਾਬਲਾ ਬਹੁਤ ਕਰਦਾ ਸੀ।

**ਪਹਿਲੀਆਂ 10 ਏਅਰਲਾਈਨ ਦੀ ਸੂਚੀ ਇਸ ਤਰਾਂ ਹੈ:-**

ਸਿੰਗਾਪੁਰ ਏਅਰਲਾਈਨ
ਏਅਰ ਨਿਊਜ਼ੀਲੈਂਡ
ਕੰਟਾਸ
ਕਤਰ ਏਅਰਵੇਅਜ਼
ਵਰਜਿਨ ਆਸਟ੍ਰੇਲੀਆ
ਏਮੀਰੇਟਸ
ਅਲ ਨਿਪੋਨ ਏਅਰਵੇਅਜ਼
ਈਵਾ ਏਅਰ
ਕੈਥੀ ਪੈਸੀਫਿਕ ਏਅਰਵੇਅਜ਼
ਜਪਾਨ ਏਅਰਲਾਈਨ

## ਆਕਲੈਂਡ ਜਿਲ੍ਹਾ ਅਦਾਲਤ 'ਚ 16 ਸਾਲਾ ਕੁੜੀ ਨੂੰ ਮਾਰਨ ਵਾਲੇ ਦੀ ਪੇਸ਼ੀ ਹੋਈ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਬੀਤੇ ਫਰਵਰੀ ਮਹੀਨੇ 'ਚ 16 ਸਾਲ ਦੀ ਕੁੜੀ ਨੂੰ ਮਾਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਕਲੈਂਡ ਦੇ ਡਾਕਟਰ ਦੀ ਜਿਲਾ ਅਦਾਲਤ ਵਿੱਚ ਪੇਸ਼ੀ ਹੋਈ, ਹਾਲਾਕਿ ਇਸ ਕੇਸ ਵਿੱਚ ਅਜੇ ਉਸਨੂੰ ਕੋਈ ਸਜਾ ਨਹੀਂ ਹੋਈ। ਜਿਕਰੇਖਾਸ ਹੈ ਕਿ 16 ਸਾਲਾ ਰੋਜ਼ ਰੱਸ਼ ਨੂੰ ਮਾਰਨ ਦੇ ਜੁਰਮ ਹੇਠ ਬੀਤੇ ਦਿਨੀਂ ਡੂਨੇਡਿਨ ਦੇ 31 ਸਾਲਾ ਡਾਕਟਰ ਵਿਨੋਦ ਸਕਾਂਤਾ ਨੂੰ ਡੂਨੇਡਿਨ ਜਿਲਾ ਅਦਾਲਤ ਪੇਸ਼ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਸਕਾਂਤਾ ਡੂਨੇਡਿਨ ਹਸਪਤਾਲ ਵਿੱਚ ਡਾਕਟਰੀ ਕਰਦਾ ਸੀ ਅਤੇ ਇਹ ਘਟਨਾ ਫਰਵਰੀ ਮਹੀਨੇ ਵਿੱਚ ਵਾਪਰੀ ਸੀ ਜਿਕਰਯੋਗ ਹੈ ਕਿ ਸਕਾਂਤਾ 2014 ਵਿੱਚ ਆਕਲੈਂਡ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਇਆ ਸੀ ਅਤੇ ਜਿਲਾ ਹੈਲਥ ਬੋਰਡ ਵਲੋਂ ਉਸਦੀ ਦਵਾਈਆਂ ਲਈ ਟ੍ਰੇਨਿੰਗ ਚੱਲ ਰਹੀ ਸੀ ? ਅਦਾਲਤ ਵਲੋਂ ਇਸ ਕੇਸ ਸਬੰਧਿਤ ਫੈਸਲਾ ਜਲਦ ਹੀ ਸੁਣਾਇਆ ਜਾ ਸਕਦਾ ਹੈ।

## ਆਕਲੈਂਡ 'ਚ ਕੰਮ ਦੇ ਪੈਸੇ ਘੱਟ ਮਿਲਣ ਦੀ ਸ਼ਿਕਾਇਤ 'ਤੇ ਲੇਬਰ ਇੰਸਪੈਕਟਰ ਦਿੱਤੀ 6 ਮਹੀਨੇ ਦੀ ਤਰੀਕ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸੋਹਣੀ ਜਿੰਦਗੀ ਦਾ ਸੁਫਨਾ ਦੇਖ ਕੇ ਬਾਹਰਲੇ ਮੁਲਕਾਂ 'ਚ ਪੈਸੇ ਕਮਾਉਣ ਗਏ ਲੋਕਾਂ ਦੀਆਂ ਮੁਸ਼ਕਿਲਾਂ ਵਿੱਚ ਨਿਰੰਤਰ ਵਾਧਾ ਹੋਰ ਰਿਹਾ ਹੈ। ਮਾਮਲਾ ਆਕਲੈਂਡ ਦੇ ਕ੍ਰੀਮ ਸ਼ੇਖ (28) ਦਾ ਹੈ ਜੋ ਕਿ ਆਕਲੈਂਡ ਦੀ ਇੱਕ ਆਟੋ ਇਲੈਕਟ੍ਰੀਕਲ ਦੁਕਾਨ 'ਤੇ ਕੰਮ ਕਰਦਾ ਸੀ, ਉਸ ਵਲੋਂ ਪਹਿਲਾਂ ਤਾਂ ਮਾਲਕ ਨੂੰ ਜਾਬ ਆਫਰ ਲਈ ਹਜ਼ਾਰਾਂ ਡਾਲਰ ਦਿੱਤੇ ਗਏ ? ਪਰ ਬਾਅਦ ਵਿੱਚ ਮਾਲਕ ਨੇ ਤਨਖਾਹ ਵਜੋਂ ਉਸਨੂੰ ਸਿਰਫ £5 ਪ੍ਰਤੀ ਘੰਟਾ ਦੇ ਹਿਸਾਬ ਨਾਲ ਪੈਸੇ ਦੇਣੇ ਸ਼ੁਰੂ ਕਰ ਦਿੱਤੇ ਅਤੇ ਕਈ ਹੋਰ ਤਰੀਕਿਆਂ ਨਾਲ ਉਸਨੂੰ ਸ਼ੋਸ਼ਿਤ ਕੀਤਾ ਤਾਂ ਉਸਨੇ ਇਨਸਾਫ ਲੈਣ ਲਈ ਲੇਬਰ ਇੰਸਪੈਕਟ੍ਰੇਟ ਨੂੰ ਸ਼ਿਕਾਇਤ ਦਰਜ ਕਰਵਾਈ ਪਰ ਉਸਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਲੇਬਰ ਇੰਸਪੈਕਟਰ ਵਲੋਂ ਆਈ ਈ-ਮੇਲ ਵਿੱਚ ਉਨਾਂ ਵਲੋਂ ਕਿਹਾ ਗਿਆ ਕਿ ਇਸ ਸਮੇਂ ਅਸੀਂ ਕੋਈ ਸਹਾਇਤਾ ਨਹੀਂ ਕਰ ਸਕਦੇ, ਕਿਉਕਿ ਉਸਦੀ ਸ਼ਿਕਾਇਤ ਦੇਖਣ ਲਈ ਕੋਈ ਅਧਿਕਾਰੀ ਮੌਜੂਦ ਨਹੀਂ ਹੈ ਅਤੇ ਉਸਨੂੰ 6 ਮਹੀਨੇ ਉਡੀਕ ਕਰਨੀ ਪਏਗੀ ? ਅਜਿਹਾ ਲੋੜ ਤੋਂ ਵੱਧ ਆ ਰਹੀਆਂ ਸ਼ਿਕਾਇਤਾਂ ਦਾ ਸਿੱਟਾ ਹੈ ? ਦੂਜੇ ਪਾਸੇ ਕ੍ਰੀਮ ਦਾ ਕਹਿਣਾ ਹੈ ਕਿ ਉਹ ਅਜਿਹੀ ਨਰਕ ਭਰੀ ਜਿੰਦਗੀ ਨਹੀਂ ਕੱਟੇਗਾ ਅਤੇ ਵਾਪਿਸ ਇੰਡੀਆ ਚਲਾ ਜਾਵੇਗਾ ਅਤੇ ਉਥੇ ਜਾ ਕੇ ਆਪਣੀ ਲੜਾਈ ਲੜਦਾ ਰਹੇਗਾ ?

## ਨਿਊਜੀਲੈਂਡ 'ਚ ਗੁੰਮ ਹੋਈ 26 ਸਾਲਾਂ ਭਾਰਤੀ ਔਰਤ ਦੀ ਲਾਸ਼ ਮਿਲੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪਿਛਲੇ ਲੱਗਭਗ ਇੱਕ ਹਫਤੇ ਤੋਂ ਨਿਊਜੀਲੈਂਡ ਦੇ ਵਲਿੰਗਟਨ ਸ਼ਹਿਰ ਚ ਰਹਿੰਦੀ 26 ਸਾਲ ਦੀ ਭਾਰਤੀ ਮਹਿਲਾ ਜੋ ਆਪਣੇ ਘਰ ਤੋਂ ਲਾਪਤਾ ਹੋਈ ਸੀ, ਇਸ ਗਰਭਵਤੀ ਮਹਿਲਾ ਸੋਨਮ ਸ਼ੈਲਰ ਦੀ ਲਾਸ਼ ਅੱਜ ਨਿਊਜ਼ੀਲੈਂਡ ਪੁਲਿਸ ਨੂੰ ਵਲਿੰਗਟਨ ਸ਼ਹਿਰ ਦੇ ਵਾਇਰੀਰਾਪਾ ਸਮੁੰਦਰੀ ਕੰਢੇ ਤੋਂ ਮਿਲ ਗਈ ਹੈ। ਵਰਣਨਯੋਗ ਹੈ ਕਿ ਸੋਨਮ ਦੇ ਪਤੀ ਸਾਗਰ ਸਲੇਰ ਅਨੁਸਾਰ ਸੋਨਮ ਪੰਜ ਮਹੀਨੇ ਦੀ ਗਰਭਵਤੀ ਸੀ ਅਤੇ ਆਪਣੇ ਅਲਟ੍ਰਾਸਾਊਂਡ ਨੂੰ ਲੈ ਕੇ ਨਾਰਾਜ਼ ਸੀ, ਕਿਉਂਕਿ ਅਲਟਰਾਸਾਊਂਡ ਕਰਵਾਉਣ 'ਤੇ ਉਸ ਨੂੰ ਪਤਾ ਲੱਗਿਆ ਸੀ ਕਿ ਉਸਦੇ ਗਰਭ ਵਿੱਚ ਇੱਕ ਬੱਚੀ ਹੈ ਜਦਕਿ ਸੋਨਮ ਦੀ ਇੱਛਾ ਦੀ ਸੀ ਕਿ ਉਹ ਇੱਕ ਲੜਕੇ ਨੂੰ ਜਨਮ ਦੇਵੇ ਅਤੇ ਸੋਨਮ ਦੇ ਪਤੀ ਅਨੁਸਾਰ ਉਹ ਇਸ ਗੱਲ ਨੂੰ ਨਾ ਲੈ ਕੇ ਕਾਫ਼ੀ ਡਿਪ੍ਰੈਸ ਹੋ ਗਈ ਸੀ। ਸੋਨਮ ਸ਼ੈਲਰ ਭਾਰਤ ਦੇ ਮੁੰਬਈ ਸ਼ਹਿਰ ਨਾਲ ਸਬੰਧਿਤ ਸੀ ਅਤੇ ਕੁਝ ਸਮਾਂ ਪਹਿਲਾ ਹੀ ਵਿਆਹ ਕਰਵਾ ਕੇ ਆਪਣੇ ਪਤੀ ਨਾਲ ਭਾਰਤ ਤੋਂ ਨਿਊਜ਼ੀਲੈਂਡ ਆਈ ਸੀ. ਉਸ ਦੇ ਪਤੀ ਦੇ ਅਨੁਸਾਰ ਸਵੇਰ ਉਹ ਉਸ ਨੂੰ ਘਰ ਛੱਡ ਕੇ ਕੰਮ 'ਤੇ ਗਿਆ ਸੀ, ਪਰ ਜਦੋ ਉਹ ਕੰਮ ਤੋਂ ਵਾਪਿਸ ਪਰਤਿਆ ਤਾ ਉਹ ਘਰ ਨਹੀਂ ਸੀ ਅਤੇ ਘਰ ਵਿੱਚੋਂ ਸਿਰਫ ਉਸ ਦੇ ਦੋ ਫੋਨ ਅਤੇ £20 ਹੀ ਗਾਇਬ ਸਨ। ਘਰ ਦੀਆਂ ਚਾਬੀਆਂ ਦਰਵਾਜੇ ਦੇ ਪਿੱਛੇ ਲੱਗੀਆਂ ਸਨ ਅਤੇ ਦਰਵਾਜਾ ਖੁੱਲਾ ਹੋਇਆ ਸੀ। ਸੋਨਮ ਨੂੰ ਅਖੀਰਲੀ ਵਾਰ ਸ਼ਨੀਵਾਰ ਨੂੰ ਵੈਲਿੰਗਟਨ ਦੇ ਕੈਸ਼ਮਿਅਰ ਐਵੀਨੀਊ ਵਿੱਚ ਦੇਖਿਆ ਗਿਆ ਸੀ। ਸਾਗਰ ਦਾ ਇਸ ਕੇਸ ਵਿੱਚ ਸਾਫ ਤੌਰ ਤੇ ਕਹਿਣਾ ਹੈ ਕਿ ਉਸ 'ਤੇ ਪੁਲਿਸ ਵਲੋਂ ਸ਼ੱਕ ਜਤਾਇਆ ਜਾ ਸਕਦਾ ਹੈ, ਪਰ ਉਹ ਪਾਕ-ਸਾਫ ਹੈ ਅਤੇ ਉਹ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਤਿਆਰ ਹੈ। ਇਸ ਮੌਕੇ ਪੁਲਸ ਨੇ ਲਾਸ਼ ਨੂੰ ਆਪਣੇ ਕਬਜੇ ਚ ਲੈਕੇ ਪੋਸਟ ਮਾਰਟਮ ਲਈ ਕਾਰਨਰ ਵਿਭਾਗ ਕੋਲ ਭੇਜ ਦਿੱਤਾ ? ਅਤੇ ਕਿਹਾ ਉਹਨਾਂ ਵਲੋਂ ਪਰਿਵਾਰ ਨਾਲ ਸੰਪਰਕ ਕੀਤਾ ਗਿਆ ਹੈ ? ਇਸ ਮੌਕੇ ਉਹਨਾਂ ਕਿਹਾ ਕਿ ਉਹਨਾਂ ਵਲੋਂ ਇਸ ਸਬੰਧੀ ਛਾਣਬੀਣ ਕੀਤੀ ਜਾ ਰਹੀ ਹੈ ? ਅਤੇ ਜਾਂਚ ਬਾਅਦ ਹੀ ਪਤਾ ਲੱਗ ਸਕਦਾ ਕਿ ਮੌਤ ਪਿੱਛੇ ਕਿ ਕਾਰਨ ਸਨ

## ਸੂਡਾਨੀ ਨਾਬਾਲਗ ਲੜਕੀ ਨੂੰ ਪਿਓ ਨੇ ਕੀਤਾ ਨਿਲਾਮ, 8 ਤੀਵੀਆਂ ਵਾਲੇ ਨੇ ਜਿੱਤੀ ਬੋਲੀ



ਸੋਸ਼ਲ ਮੀਡੀਆ 'ਤੇ ਇਨੀਂ ਦਿਨੀਂ ਇਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਦੱਖਣੀ ਸੂਡਾਨ ਦੇ ਇਕ ਵਿਅਕਤੀ ਵਲੋਂ ਆਪਣੀ 17 ਸਾਲ ਦੀ ਧੀ ਦੀ ਬਾਲਿਕਾ ਲਾੜੀ ਵਜੋਂ ਬੋਲੀ ਲਗਾਉਣ ਅਤੇ ਉਸ ਨੂੰ ਨਿਲਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੀਡੀਓ ਦੇਖ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁੱਕ ਦੀ ਕਾਫੀ ਨਿਖੇਧੀ ਕੀਤੀ। ਦਿ ਇਨਕਿਊਸਿਟਰ ਦੀ ਰਿਪੋਰਟ ਵਿਚ ਵੀਰਵਾਰ ਨੂੰ ਕਿਹਾ ਗਿਆ ਕਿ ਘੱਟੋ-ਘੱਟ 5 ਪੁਰਸ਼ਾਂ ਨੇ ਇਸ ਨੀਲਾਮੀ ਵਿਚ ਹਿੱਸਾ ਲਿਆ ਅਤੇ ਬੋਲੀ ਲਗਾਈ, ਜਿਸ ਵਿਚ ਖੇਤਰ ਦਾ ਡਿਪਟੀ ਜਨਰਲ ਵੀ ਮੌਜੂਦ ਸੀ। ਇਕ ਆਦਮੀ ਜਿਸ ਦੀਆਂ 8 ਤੀਵੀਆਂ ਸਨ, ਉਸ ਨੇ ਇਹ ਨੀਲਾਮੀ ਜਿੱਤੀ ਅਤੇ ਲੜਕੀ ਦੇ ਪਿਤਾ ਨੂੰ 500 ਗਾਵਾਂ, ਦੋ ਲਗਜ਼ਰੀ ਕਾਰਾਂ, ਦੋ ਮੋਟਰਸਾਈਕਲ, ਇਕ ਬੇੜੀ, ਮੋਬਾਈਲ ਫੋਨ ਅਤੇ 10,000 ਡਾਲਰ ਦੀ ਨਕਦੀ ਦਿੱਤੀ। ਅਫਰੀਕਨਫੇਮੀਨਿਜ਼ਮ ਨੇ ਬੁੱਧਵਾਰ ਦੇਰ ਰਾਤ ਇਕ ਟਵੀਟ ਵਿਚ ਕਿਹਾ, ਦੱਖਣੀ ਸੂਡਾਨ ਦੀ ਇਕ 16 ਸਾਲ ਦੀ ਲੜਕੀ ਨੂੰ ਫੇਸਬੁੱਕ 'ਤੇ ਸਭ ਤੋਂ ਜ਼ਿਆਦਾ ਬੋਲੀ ਲਗਾਉਣ ਵਾਲੇ ਇਕ ਵਪਾਰੀ ਨੂੰ ਵਿਆਹ ਲਈ ਨਵੰਬਰ ਵਿਚ ਵੇਚ ਦਿੱਤਾ ਗਿਆ, ਜਦੋਂ ਕਿ ਬੋਲੀ ਲਗਾਉਣ ਵਾਲਿਆਂ ਵਿਚ ਚਾਰ ਹੋਰ ਵੀ ਸ਼ਾਮਲ ਸਨ, ਜਿਸ ਵਿਚ ਸੂਡਾਨ ਦਾ ਇਕ ਸੀਨੀਅਰ ਸਰਕਾਰੀ ਅਧਿਕਾਰੀ ਵੀ ਸੀ। ਫਿਲਿਪਸ ਅਨਿਆਮੰਗ ਐਨਗੋਂਗ ਨਾਂ ਦੇ ਮਨੁੱਖੀ ਅਧਿਕਾਰ ਵਕੀਲ ਨੇ ਲੜਕੀ ਦੀ ਨੀਲਾਮੀ ਰੋਕਣ ਦੀ ਕੋਸ਼ਿਸ਼ ਵੀ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਫੇਸਬੁੱਕ ਪੋਸਟ ਇਕ ਮਨੁੱਖ ਦੇ ਬਾਲ ਸ਼ੋਸ਼ਣ, ਤਸਕਰੀ ਅਤੇ ਨੀਲਾਮੀ ਦਾ ਸਭ ਤੋਂ ਵੱਡਾ ਕਾਰਨ ਸੀ। ਉਨ੍ਹਾਂ ਨੇ ਇਸ ਵਿਚ ਸ਼ਾਮਲ ਫੇਸਬੁੱਕ ਸਣੇ ਸਾਰੇ ਲੋਕਾਂ ਨੂੰ ਕਸੂਰਵਾਰ ਦੱਸਿਆ। ਰਿਪੋਰਟ ਵਿਚ ਕਿਹਾ ਗਿਆ ਕਿ ਮਨੁੱਖੀ ਅਧਿਕਾਰ ਸੰਗਠਨ ਪਲਾਨ ਇੰਟਰਨੈਸ਼ਨਲ ਦੱਖਣੀ ਸੂਡਾਨ ਨੇ ਲੜਕੀ ਦੀ ਬੋਲੀ ਲਗਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਦੀ ਆਲੋਚਨਾ ਕੀਤੀ ਅਤੇ ਇਸ ਨੂੰ ਆਧੁਨਿਕ ਯੁੱਗ ਦਾ ਦਾਸ-ਪ੍ਰਥਾ ਕਰਾਰ ਦਿੱਤਾ।

## ਦੱਖਣੀ ਕੋਰੀਆ ਦੇ ਰਾਸ਼ਟਰਪਤੀ ਦਾ ਦੋ ਦਿਨਾਂ ਨਿਊਜੀਲੈਂਡ ਦੌਰਾ 2 ਤੋਂ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇਇ ਇਨ ਦਸੰਬਰ ਵਿੱਚ ਨਿਊਜ਼ੀਲੈਂਡ ਫੇਰੀ ਤੇ ਆ ਰਹੇ ਹਨ। ਉਹ 2 ਦਸੰਬਰ ਨੂੰ ਇਥੇ ਪੁੱਜਣਗੇ ਅਤੇ ਦੋ ਦਿਨ ਰਹਿਣਗੇ। ਪ੍ਰਧਾਨ ਮੰਤਰੀ ਜੈਸਿੰਡਾ ਆਰਡੈਨਜ਼ ਵੀ ਉਨਾਂ ਦੇ ਸੁਆਗਤ ਲਈ ਕਾਫੀ ਉਤਸੁਕ ਹਨ। ਉਨਾਂ ਕਿਹਾ ਕਿ ਇਸ ਨਾਲ ਦੋਨਾਂ ਦੇਸ਼ਾਂ ਦੀ ਸਾਂਝ ਬਣੀ ਰਹੇਗੀ।

ਜਿਕਰਯੋਗ ਹੈ ਕਿ ਸ਼੍ਰੀਮਾਨ ਮੂਨ ਲਈ ਇੱਕ ਵਿਸ਼ੇਸ਼ ਸਮਾਗਮ ਖਾਸ ਤੌਰ ਤੇ ਉਨਾਂ ਦੇ ਸੁਆਗਤ ਲਈ ਗਵਰਨਰ ਜਨਰਲ ਵਲੋਂ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਉਹ ਆਕਲੈਂਡ ਵਾਰ ਮੈਮੋਰੀਅਲ ਮਿਊਜ਼ੀਅਮ ਦਾ ਦੌਰਾ ਕਰਨਗੇ ਅਤੇ ਨਾਲ ਹੀ ਕੋਰੀਅਨ ਭਾਈਚਾਰੇ ਨਾਲ ਹੋਰਨਾਂ ਪ੍ਰੋਗਰਾਮ ਵਿੱਚ ਵੀ ਸ਼ਾਮਿਲ ਹੋਣਗੇ। ਇਥੇ ਜਿਕਰਯੋਗ ਹੈ ਕਿ ਸ਼੍ਰੀਮਾਨ ਮੂਨ ਕੋਰੀਆ ਦੇ 19ਵੇਂ ਰਾਸ਼ਟਰਪਤੀ ਹਨ ਅਤੇ 2017 ਵਿੱਚ ਉਨਾਂ ਵਲੋਂ ਰਾਸ਼ਟਰਪਤੀ ਦਾ ਅਹੁੱਦਾ ਸੰਭਾਲਿਆ ਗਿਆ।

## ਨਸ਼ੇ 'ਚ ਟੱਲੀ ਭਾਰਤੀ ਔਰਤ ਨੇ ਜਹਾਜ਼ 'ਚ ਪਾਇਆ ਭੜਥੂ, ਹੋਈ ਜੇਲ



ਲੰਡਨ - ਭਾਰਤੀ ਮੂਲ ਦੀ ਇਕ ਔਰਤ ਨੇ ਸ਼ਰਾਬ ਪੀ ਕੇ ਜਹਾਜ਼ ਵਿਚ ਭੜਥੂ ਪਾ ਦਿੱਤਾ, ਜਿਸ ਕਾਰਨ ਉਸ ਤੋਂ ਤੰਗ ਆਏ ਕਰੂ ਮੈਂਬਰਾਂ ਨੇ ਉਸ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ ਅਤੇ ਉਸ ਨੂੰ ਅਦਾਲਤ ਵਲੋਂ ਜੇਲ ਦੀ ਸਜ਼ਾ ਸੁਣਾਈ ਗਈ। ਜਹਾਜ਼ ਵਿਚ ਸ਼ਰਾਬ ਪੀ ਕੇ ਹੰਗਾਮਾ ਕਰਨ 'ਤੇ ਇਸ ਔਰਤ ਨੂੰ 6 ਮਹੀਨੇ ਦੀ ਜੇਲ ਦੀ ਸਜ਼ਾ ਸੁਣਾਈ ਗਈ। ਉਸ ਦੇ ਇਸ ਵਰਤਾਓ ਕਾਰਨ ਜਹਾਜ਼ ਦੇ ਇਕ ਮੁਸਾਫਰ ਨੂੰ ਮਿਰਗੀ ਦਾ ਦੌਰਾ ਪੈ ਗਿਆ ਸੀ। ਇਸ ਭਾਰਤੀ ਮੂਲ ਦੀ ਔਰਤ ਦੀ ਪਛਾਣ ਕਿਰਨ ਜਗਦੇਵ ਵਜੋਂ ਹੋਈ ਹੈ। ਕਿਰਨ ਨੇ ਇਸ ਸਾਲ ਜਨਵਰੀ ਵਿਚ ਸਪੇਨ ਦੇ ਟੇਨੇਰਿਫੇ ਤੋਂ ਬ੍ਰਿਟੇਨ ਵਾਪਸੀ ਦੌਰਾਨ ਜਹਾਜ਼ ਵਿਚ ਅਲਕੋਹਲ ਦਾ ਸੇਵਨ ਕਰਨ ਦੇ ਮਾਮਲੇ ਵਿਚ ਜੈਟ 2 ਏਅਰਲਾਈਨ 'ਤੇ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਸੀ।

ਜਸਟਿਸ ਫਿਲਿਪ ਹੇਡ ਨੇ ਸੁਣਵਾਈ ਦੌਰਾਨ ਉਨ੍ਹਾਂ ਦੇ ਤਰਕ ਨੂੰ ਰੱਦ ਕਰ ਦਿੱਤਾ ਅਤੇ ਉਸ ਨੂੰ 6 ਮਹੀਨੇ ਦੀ ਜੇਲ ਦੀ ਸਜ਼ਾ ਸੁਣਾ ਦਿੱਤੀ। ਅਦਾਲਤ ਨੂੰ ਦੱਸਿਆ ਗਿਆ ਸੀ ਕਿ ਜਹਾਜ਼ ਵਿਚੋਂ ਉਤਰਣ ਦੌਰਾਨ ਦਿੱਕਤ ਆਉਣ ਤੋਂ ਬਾਅਦ ਕਿਰਨ ਚੀਕਾਂ ਮਾਰਨ ਲੱਗੀ ਅਤੇ ਆਖਣ ਲੱਗੀ ਕਿ ਅਸੀਂ ਸਾਰੇ ਮਰਨ ਜਾ ਰਹੇ ਹਾਂ, ਜਿਸ ਕਾਰਨ ਜਹਾਜ਼ ਵਿਚ ਸਵਾਰ ਹੋਰ ਮੁਸਾਫਰ ਵੀ ਪ੍ਰੇਸ਼ਾਨ ਹੋ ਗਏ। ਇਸਤਿਗਾਸਾ ਧਿਰ ਮੁਤਾਬਕ ਕਿਰਨ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਹੀ 6 ਤੋਂ 8 ਬੀਅਰ ਪੀ ਚੁੱਕੀ ਸੀ। ਚਾਰ ਘੰਟੇ ਦੀ ਉਡਾਣ ਦੌਰਾਨ ਉਹ ਜਹਾਜ਼ ਵਿਚ ਚਾਰ ਤੋਂ 6 ਗਿਲਾਸ ਵਾਈਨ ਪੀ ਚੁੱਕੀ ਸੀ। ਜਹਾਜ਼ ਵਿਚੋਂ ਹੋਰ ਸ਼ਰਾਬ ਦੇਣ ਤੋਂ ਮਨਾਂ ਕਰਨ 'ਤੇ ਉਸ ਨੇ ਆਪਣੇ ਕੋਲੋਂ ਸ਼ਰਾਬ ਪੀਤੀ। ਉਸ ਨੇ ਇਥੇ ਬਦਤਮੀਜ਼ੀਆਂ ਕੀਤੀਆਂ। ਕਿਰਨ ਨੂੰ ਜਹਾਜ਼ ਵਿਚੋਂ ਉਤਰਣ ਤੋਂ ਬਾਅਦ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ ਗਿਆ।

**Metrimonial**

Tonk Kashatriya, Sikh, 1985, 5'6", Qualification Mechatronics Engineering from NZ, Working in Mechanical Company in NZ, Siblings well settled in Australia and New Zealand. Required decent and educated Girl, Caste No Bar. Mb no. +64 21 136 7503